KEEPING SAFE
CHILD PROTECTION CURRICULUM

# ਮਾਪਿਆਂ ਅਤੇ ਦੇਖਭਾਲ ਕਰਤਿਆਂ ਵਾਸਤੇ ਜਾਣਕਾਰੀ

*Punjabi*

Keeping Safe: Child Protection Curriculum (KS:CPC) ਬੱਚਿਆਂ, ਅਤੇ ਜਨਮ ਤੋਂ ਲੈ ਕੇ 12ਵੀਂ ਜਮਾਤ (17+ ਸਾਲ ਦੀ ਉਮਰ) ਵਾਲੇ ਨੌਜਵਾਨਾਂ ਵਾਸਤੇ ਬਾਲ ਸੁਰੱਖਿਆ ਅਤੇ ਰਿਸ਼ਤਿਆਂ ਵਿੱਚ ਸਤਿਕਾਰਭਾਵ ਬਾਰੇ ਇੱਕ ਸਿੱਖਿਅਕ ਪ੍ਰੋਗਰਾਮ ਹੈ। ਇਸ ਦੀ ਸਿਖਲਾਈ ਸਕੂਲਾਂ ਅਤੇ ਪ੍ਰੀਸਕੂਲਾਂ ਵਿੱਚ ਉਨ੍ਹਾਂ ਸਿੱਖਿਅਕਾਂ ਵੱਲੋਂ ਪ੍ਰਦਾਨ ਕੀਤੀ ਜਾਂਦੀ ਹੈ, ਜਿਨ੍ਹਾਂ ਨੇ ਇਸ ਦੇ ਲਈ ਲੋੜੀਂਦੀ ਸਿਖਲਾਈ ਪ੍ਰਾਪਤ ਕੀਤੀ ਹੈ।

KS:CPC ਨੂੰ ਦੱਖਣੀ ਆਸਟਰੇਲੀਆ ਵਿੱਚ ਸਿੱਖਿਆ ਵਿਭਾਗ ਵੱਲੋਂ ਵਿਕਸਿਤ ਕੀਤਾ ਗਿਆ ਸੀ ਅਤੇ ਇਸ ਵਿਚ ਸ਼ਾਮਲ ਕਿਤੇ ਗਏ ਵਿਸ਼ਿਆਂ ਦੀ ਡੂੰਘਾਈ, ਸਿਖਲਾਈ ਦੀ ਵਿਸ਼ਾਲਤਾ ਅਤੇ ਸਮਕਾਲੀ ਕਿਸਮ ਦੀ ਹੋਣ ਕਰਕੇ ਇਸਨੂੰ ਬਹੁਤ ਸਤਕਾਰਿਆ ਜਾਂਦਾ ਹੈ।

KS:CPC ਬੱਚਿਆਂ ਅਤੇ ਜਵਾਨ ਲੋਕਾਂ ਦੀ ਸਹਾਇਤਾ ਕਰਦਾ ਹੈ ਜਿਸ ਨਾਲ ਉਹ:

- ਇਸ ਗੱਲ ਨੂੰ ਸਮਝ ਪਾਉਂਦੇ ਹਨ ਕਿ ਉਨ੍ਹਾਂ ਨੂੰ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ
- ਬਦਸਲੂਕੀ ਅਤੇ ਅਸੁਰੱਖਿਅਕ ਸਥਿਤੀਆਂ ਦੀ ਪਛਾਣ ਕਰ ਪਾਉਂਦੇ ਹਨ
- ਅਜਿਹੇ ਤਰੀਕੇ ਤਿਆਰ ਕਰ ਸਕਦੇ ਹਨ ਅਤੇ ਲਾਗੂ ਕਰ ਪਾਉਂਦੇ ਹਨ ਜੋ ਸੁਰੱਖਿਅਤ ਰਹਿਣ ਵਿੱਚ ਉਨ੍ਹਾਂ ਦੀ ਸਹਾਇਤਾ ਕਰਨ
- ਸਹਾਇਤਾ ਮੰਗ ਸਕਣ ਅਤੇ ਚੀਜ਼ਾਂ ਨੂੰ ਰਿਪੋਰਟ ਕਰ ਸਕਣ

ਸਭ ਬੱਚਿਆਂ ਅਤੇ ਨੌਜਵਾਨਾਂ ਦੇ ਹੱਕਾਂ ਦੀ ਸੁਰੱਖਿਆ ਕਰਨ ਵਿੱਚ ਸਿੱਖਿਆ ਦਾ ਦਰਜਾ ਸਿਖਰ ਤੇ ਆਉਂਦਾ ਹੈ ਅਤੇ ਇਹ ਉਨ੍ਹਾਂ ਨੂੰ ਤਾਕਤ ਬਖਸ਼ਦਾ ਹੈ ਕਿ ਉਹ ਆਪਣੀ ਅਤੇ ਦੂਜੇ ਲੋਕਾਂ ਦੀ ਸੁਰੱਖਿਆ ਦਾ ਪੱਖ-ਸਮਰਥਨ ਕਰ ਸਕਣ।

ਮਾਪਿਆਂ ਅਤੇ ਦੇਖਭਾਲ ਕਰਤਾਵਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਬੱਚੇ ਦੇ ਸਕੂਲ ਜਾਂ ਪ੍ਰੀਸਕੂਲ ਨਾਲ KS:CPC ਲਾਗੂ ਕੀਤੇ ਜਾਣ ਬਾਰੇ ਗੱਲ ਕਰਨ।

KS:CPC ਦੀ ਇੱਕ ਰੂਪਰੇਖਾ ਪਿਛਲੇ ਪੰਨੇ 'ਤੇ ਦਿੱਤੀ ਗਈ ਹੈ।

ਵਧੇਰੇ ਜਾਣਕਾਰੀ ਲਈ, ਵੇਖੋ www.kscpc.sa.edu.au/parent-carer-information.

## ਮਾਪਿਆਂ ਅਤੇ ਦੇਖਭਾਲ ਕਰਤਿਆਂ ਵਾਸਤੇ ਸਰੋਤ

- ਬਾਲ ਸ਼ੋਸ਼ਣ ਖ਼ਿਲਾਫ਼ ਆਸਟ੍ਰੇਲੀਆਈ ਕੇਂਦਰ (Australian Centre to Counter Child Exploitation): www.accce.gov.au
- ਬਾਲ ਸਹਾਇਤਾ ਲਾਈਨ ਅੰਤਰਾਸ਼ਟਰੀ (ਉਨ੍ਹਾਂ ਸਕੂਲਾਂ ਲਈ ਜੋ ਆਸਟ੍ਰੇਲੀਆ ਤੋਂ ਬਾਹਰ ਹਨ) Child Helpline International (for schools outside of Australia): www.childhelplineinternational.org
- ਇਜਾਜ਼ਤ ਉਡੀਕ ਨਹੀਂ ਕਰ ਸਕਦੀ (ਆਸਟ੍ਰੇਲੀਆਈ ਸਰਕਾਰ) Consent can't wait (Australian Government): www.consent.gov.au
- ਈ-ਸੁਰੱਖਿਆ ਕਮਿਸ਼ਨਰ – ਮਾਪਿਆਂ ਲਈ ਜਾਣਕਾਰੀ: www.esafety.gov.au/parents
- ਬੱਚਿਆਂ ਦੀ ਸਹਾਇਤਾ ਲਾਈਨ – ਮਾਪਿਆਂ ਲਈ ਜਾਣਕਾਰੀ: www.kidshelpline.com.au/parents
- ਰਾਸ਼ਟਰੀ ਜਿਨਸੀ, ਘਰੇਲੂ ਅਤੇ ਪਰਿਵਾਰਕ ਹਿੰਸਾ ਸਲਾਹਕਾਰ ਸੇਵਾ: www.1800respect.org.au
- ਬੱਚਿਆਂ ਦੀ ਪਰਵਰਿਸ਼ ਸੰਬੰਧੀ ਮਾਰਗਦਰਸ਼ਕ (Parent easy guides (Parenting SA)): www.parenting.sa.gov.au/easy-guides
- ਬੱਚਿਆਂ ਦੀ ਪਰਵਰਿਸ਼ ਸੰਬੰਧੀ ਨੈਟਵਰਕ (Raising children network): www.raisingchildren.net.au
- ਜਵਾਨ ਲੋਕਾਂ ਵਾਸਤੇ ਕਾਨੂੰਨੀ ਸਹਾਇਤਾ (Youth Law Australia): www.yla.org.au

## KS:CPC ਦੇ ਵਿਸ਼ੇ

ਦੋਵੇਂ ਵਿਸ਼ੇ ਪਾਠਕ੍ਰਮ ਦੇ ਮੂਲ ਸਿਧਾਂਤਾਂ ਅਤੇ ਪ੍ਰਮੁੱਖ ਸਮਝ ਉੱਤੇ ਕੇਂਦਰਿਤ ਹੁੰਦੇ ਹਨ:

- ਸੁਰੱਖਿਅਤ ਮਹਿਸੂਸ ਕਰਨ ਦਾ ਸਾਨੂੰ ਸਾਰਿਆਂ ਨੂੰ ਅਧਿਕਾਰ ਹੈ।
- ਆਪਣੇ ਭਰੋਸੇਯੋਗ ਲੋਕਾਂ ਨਾਲ ਗੱਲ ਕਰ ਕੇ, ਸੁਰੱਖਿਅਤ ਰਹਿਣ ਵਿੱਚ ਅਸੀਂ ਆਪਣੀ ਖੁਦ ਦੀ ਮਦਦ ਕਰ ਸਕਦੇ ਹਾਂ।

## KS:CPC ਰੂਪਰੇਖਾ

KS:CPC ਜਨਮ ਤੋਂ ਲੈ ਕੇ 12ਵੀਂ ਜਮਾਤ (17+ ਸਾਲ ਦੀ ਉਮਰ) ਤੱਕ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਉਮਰ ਅਤੇ ਵਿਅਕਤੀਗਤ ਵਿਕਾਸ ਦੇ ਪੱਧਰ ਮੁਤਾਬਕ ਢੁੱਕਵੇਂ ਤਰੀਕਿਆਂ ਨਾਲ ਬਾਲ ਸੁਰੱਖਿਆ ਅਤੇ ਰਿਸ਼ਤਿਆਂ ਵਿੱਚ ਸਤਿਕਾਰਭਾਵ (ਆਨਲਾਈਨ ਸਮੇਤ) ਨੂੰ ਸੰਬੋਧਿਤ ਕਰਦਾ ਹੈ।

| | |
|---|---|
| **ਸੁਰੱਖਿਅਤ ਰਹਿਣਾ** | • KS:CPC ਦੇ ਦੋ ਵਿਸ਼ਿਆਂ ਨੂੰ ਸਮਝਣਾ।<br>• ਅਜਿਹੇ ਭਰੋਸੇਯੋਗ ਲੋਕਾਂ ਅਤੇ ਸਹਾਇਕ ਸੇਵਾਵਾਂ ਦੀ ਪਛਾਣ ਕਰਨੀ, ਜਿਨ੍ਹਾਂ ਤੋਂ ਮਦਦ ਲਈ ਜਾ ਸਕਦੀ ਹੈ। |
| **ਅਧਿਕਾਰ ਅਤੇ ਜ਼ਿੰਮੇਵਾਰੀਆਂ** | • ਸਾਰਿਆਂ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਹੁੰਦਿਆਂ ਹਨ।<br>• ਨਿੱਜਤਾ, ਆਪਣਾ ਨਿੱਜੀ ਫਾਸਲਾ ਅਤੇ ਹੱਦਾਂ/ਸੀਮਾਵਾਂ।<br>• ਲਿੰਗ ਪ੍ਰਤੀ ਰੂੜ੍ਹੀਵਾਦੀ ਸੋਚ ਵਿਅਕਤੀਆਂ ਜਾਂ ਸਮਾਜ ਉੱਤੇ ਕਿਵੇਂ ਪ੍ਰਭਾਵ ਪਾ ਸਕਦੀ ਹੈ। |
| **ਸੁਰੱਖਿਅਤ ਅਤੇ ਅਸੁਰੱਖਿਅਤ** | • ਚਿਤਾਵਨੀ ਸੰਕੇਤਾਂ ਨੂੰ ਅਸੁਰੱਖਿਅਤ ਸਥਿਤੀਆਂ ਦੇ ਸੂਚਕਾਂ ਵਜੋਂ ਦੇਖਣਾ।<br>• ਅਸੁਰੱਖਿਅਤ ਸਥਿਤੀਆਂ ਪ੍ਰਤੀ ਜਵਾਬੀ ਕਾਰਵਾਈ ਕਰਨ ਸਬੰਧੀ ਰਣਨਿਤਿਆਂ।<br>• ਸਥਿਤੀਆਂ ਨੂੰ ਸੁਰੱਖਿਅਤ ਬਨਾਉਣ ਲਈ ਖਤਰਿਆਂ ਦਾ ਪ੍ਰਬੰਧਨ ਕਰਨਾ। |
| **ਭਰੋਸੇਯੋਗ ਨੈਟਵਰਕ** | • ਕਿਸੇ ਭਰੋਸੇਯੋਗ ਵਿਅਕਤੀ ਦੇ ਗੁਣ।<br>• ਲੋਕਾਂ ਅਤੇ ਸਹਾਇਕ ਸੇਵਾਵਾਂ ਦਾ ਇੱਕ ਭਰੋਸੇਯੋਗ ਨੈਟਵਰਕ ਬਨਾਉਣਾ।<br>• ਭਰੋਸੇਯੋਗ ਲੋਕਾਂ ਅਤੇ ਸਹਾਇਕ ਸੇਵਾਵਾਂ ਤੱਕ ਕਿਵੇਂ ਪਹੁੰਚ ਪ੍ਰਾਪਤ ਕਰਨੀ ਹੈ। |
| **ਰਿਸ਼ਤਿਆਂ ਵਿੱਚ ਸਤਿਕਾਰਭਾਵ** | • ਅੱਛੇ, ਬੁਰੇ ਅਤੇ ਬਦਸਲੂਕੀ ਭਰੇ ਰਿਸ਼ਤਿਆਂ ਦੇ ਕੀ ਆਸਾਰ ਹੁੰਦੇ ਹਨ।<br>• ਰਿਸ਼ਤਿਆਂ ਵਿਚ ਅਧਿਕਾਰ ਅਤੇ ਜ਼ਿੰਮੇਵਾਰੀਆਂ।<br>• ਇਜਾਜ਼ਤ ਲੈਣਾ/ਦੇਣਾ ਅਤੇ ਵੱਖੋ-ਵੱਖ ਪ੍ਰਸੰਗਾਂ ਵਿੱਚ ਵੱਖੋ-ਵੱਖ ਰਣਨੀਤੀਆਂ। |
| **ਰਿਸ਼ਤਿਆਂ ਵਿੱਚ ਤਾਕਤ** | • ਤਾਕਤ ਦਾ ਸਕਾਰਾਤਮਕ ਅਤੇ ਬੁਰਾ ਇਸਤੇਮਾਲ।<br>• ਰਿਸ਼ਤਿਆਂ ਵਿੱਚ ਧੱਕੇਸ਼ਾਹੀ ਅਤੇ ਘਰੇਲੂ ਅਤੇ ਪਰਿਵਾਰਕ ਹਿੰਸਾ ਸਮੇਤ, ਨੁਕਸਾਨਦਾਇਕ ਵਿਵਹਾਰ<br>• ਨੁਕਸਾਨਦਾਇਕ ਵਰਤਾਵਾਂ ਨੂੰ ਸੰਬੋਧਿਤ ਕਰਣ ਵਾਲੀਆਂ ਰਣਨੀਤੀਆਂ |
| **ਸਰੀਰ ਦੇ ਅੰਗ ਅਤੇ ਸਪਰਸ਼** | • ਸਰੀਰ ਦੇ ਅੰਗਾਂ ਦੇ ਸਹੀ ਨਾਮ ਅਤੇ ਉਹ ਸਰੀਰ 'ਚ ਕਿੱਥੇ ਹਨ।<br>• ਸਾਡਾ ਆਪਣਾ ਪੂਰਾ ਸਰੀਰ ਨਿੱਜੀ ਹੁੰਦਾ ਹੈ।<br>• ਸੁਰੱਖਿਅਤ, ਅਸੁਰੱਖਿਅਤ ਅਤੇ ਅਣਚਾਹਿਆ ਸਪਰਸ਼। |
| **ਗਲਤ ਵਿਵਹਾਰ ਨੂੰ ਸਮਝਣਾ** | • ਸੱਟ, (ਸਰੀਰਕ, ਜਿਨਸੀ (ਸੈਕਸੁਅਲ), ਜਜ਼ਬਾਤੀ) ਦੁਰਵਿਵਹਾਰ ਅਤੇ ਵਿਸਾਰ ਦੇਣਾ।<br>• ਦੁਰਵਿਵਹਾਰ ਅਤੇ ਅਸੁਰੱਖਿਅਤ ਸਥਿਤੀਆਂ ਬਾਰੇ ਰਿਪੋਰਟ ਕਰਨ ਲਾਈ ਰਣਨੀਤੀਆਂ।<br>• ਦੂਜਿਆਂ ਨਾਲ ਕੁਝ ਗਲਤ ਹੁੰਦਾ ਦੇਖਿਆਂ ਉਨ੍ਹਾਂ ਦੀ ਸਹਾਇਤਾ ਕਰਨ ਲਈ ਕੋਈ ਕਾਰਵਾਈ ਕਰਨੀ ਹੋਵੇ ਤਾਂ ਸੁਰੱਖਿਅਤ ਰਹਿੰਦੇ ਹੋਏ ਕਰਨੀ। |
| **ਰਣਨੀਤੀਆਂ/ਤਰੀਕੇ** | • ਸਹਿਣਸ਼ੀਲਤਾ, ਦ੍ਰਿੜ੍ਹਤਾ ਨਾਲ ਬੋਲਣਾ ਅਤੇ ਆਪਣੀ ਗੱਲ 'ਤੇ ਟਿਕੇ ਰਹਿਣਾ<br>• ਸੁਰੱਖਿਆ ਵਧਾਉਣ ਲਈ ਸੁਰੱਖਿਆ ਸੰਬੰਧੀ ਰਣਨੀਤੀਆਂ |
| **ਸਹਾਇਤਾ ਮੰਗਣੀ** | • ਭਰੋਸੇਯੋਗ ਨੈਟਵਰਕਾਂ ਦੀ ਸਮੇਂ-ਸਮੇਂ ਸਿਰ ਸਮੀਖਿਆ ਕਰਨੀ<br>• ਅਪਾਤਕਾਲ ਸਮੇਤ, ਭਰੋਸੇਯੋਗ ਲੋਕਾਂ ਅਤੇ ਸਹਾਇਤਾ ਸੇਵਾਵਾਂ ਤੋਂ ਮਦਦ ਮੰਗਣੀ |